# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123gmail.com

## ਜਨਤਕ ਸੂਚਨਾ

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਤਰਕਸੰਗਤ (ਰੈਸ਼ਨੇਲਾਈਜ਼) ਕਰਨ ਲਈ ਰਾਜ ਸਰਕਾਰ ਵੱਲੋਂ ਜਾਰੀ ਰੈਸ਼ਨੇਲਾਈਜ਼ੇਸ਼ਨ ਨੀਤੀ ਪਿੱਠ ਅੰਕਣ ਨੰ: 18/348/09-5ਸਿ2-6514-23 ਮਿਤੀ 29-12-2009 ਅਤੇ ਸਮੇਂ ਸਮੇਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਸਿ) ਵੱਲੋਂ ਤਜਵੀਜ਼ ਤਿਆਰ ਕਰਕੇ ਸਰਕਾਰ ਨੂੰ ਪਰਵਾਨਗੀ ਲਈ ਭੇਜੀ ਗਈ ਹੈ।ਇਸ ਤਜਵੀਜ਼ ਨੂੰ ਤਿਆਰ ਕਰਦੇ ਸਮੇਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਸਿ) ਵੱਲੋਂ ਅਧਿਆਪਕਾਂ ਦੀ ਸੁਵਿਧਾ ਦਾ ਖਿਆਲ ਰੱਖਦੇ ਹੋਏ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਗਿਆ ਹੈ:

- ਜ਼ਿਲ੍ਹਾ ਪੱਧਰ 'ਤੇ ਸਾਰੀਆਂ ਵਾਧੂ ਅਤੇ ਲੋੜਵੰਦ ਪੋਸਟਾਂ ਬਾਰੇ ਸੂਚੀਆਂ ਜਾਰੀ ਕਰਕੇ ਸਬੰਧਤ ਕਰਮਚਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ।
- ਸਾਰੇ ਅਧਿਆਪਕਾਂ ਨੂੰ ਉਹਨਾਂ ਦੀ ਸੁਵਿਧਾ ਦਾ ਖਿਆਲ ਰੱਖਦੇ ਹੋਏ ਸਟੇਸ਼ਨਾਂ ਦੀ ਚੋਣ ਅਤੇ ਨੀਤੀ ਅਨੁਸਾਰ ਸਟੇਸ਼ਨ ਅਲਾਟ ਕੀਤੇ ਗਏ ਹਨ।
- ਅਜਿਹੇ ਕਰਮਚਾਰੀ ਜਿਹੜੇ ਆਪਣੀ ਇੱਛਾ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦੇ ਸਨ, ਨੂੰ ਵੀ ਵਿਚਾਰਿਆ ਗਿਆ ਹੈ।
- ਸੋ ਉਕਤ ਅਨੁਸਾਰ ਤਜਵੀਜ਼ ਸਰਕਾਰ ਨੂੰ ਪਰਵਾਨਗੀ ਹਿੱਤ ਭੇਜਣ ਤੋਂ ਪਹਿਲਾਂ ਸਾਰੇ ਸਬੰਧਤ ਅਧਿਆਪਕਾਂ/ ਕਰਮਚਾਰੀਆਂ ਨੂੰ ਜਨਤਕ ਨੋਟਿਸ ਜਾਰੀ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਵੱਲੋਂ ਤਿਆਰ ਕੀਤੀ ਤਜਵੀਜ਼, ਜੋ ਕਿ ਦਫ਼ਤਰ ਦੀ ਵੈਬ-ਸਾਈਟ ssapunjab.org 'ਤੇ ਅੱਪ-ਲੋਡ ਕਰ ਦਿੱਤੀ ਗਈ ਹੈ, ਬਾਰੇ ਕੋਈ ਇਤਰਾਜ਼ ਹੈ ਤਾਂ ਨੋਟਿਸ ਜਾਰੀ ਹੋਣ ਦੇ 10 ਦਿਨਾਂ ਦੇ ਅੰਦਰ-2 ਇਸ ਦਫ਼ਤਰ ਦੇ ਪਤੇ 'ਤੇ ਭੇਜ ਦਿੱਤੀ ਜਾਵੇ।ਅਧੂਰੀ ਜਾਂ ਦੇਰ ਨਾਲ ਪ੍ਰਾਪਤ ਹੋਏ ਕਿਸੇ ਵੀ ਇਤਰਾਜ਼ ਜਾਂ ਬੇਨਤੀ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

- ਇਹ ਅਧਿਆਪਕ/ਕਰਮਚਾਰੀ ਦੀ ਸੁਵਿਧਾ ਲਈ ਹੈ ਪਰੰਤੂ ਸਰਕਾਰ ਵੱਲੋਂ ਲੋਕ-ਹਿੱਤ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦੀ ਬਿਹਤਰੀ ਲਈ ਲਿਆ ਗਿਆ ਕੋਈ ਫ਼ੈਸਲਾ ਮੰਨਣਯੋਗ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**-ਕਮ-ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ।**